ਇਸ ਅਤ੍ਰਿਪਤੀ ਵਿਚ ਬੜਾ ਸਮਾਂ ਬੀਤਿਆ। ਗੋਰਖ ਨਾਥ ਦਾ ਸਰੀਕ ਸਿਧਾਂ ਨਾਲ ਬਾਦ ਬਿਬਾਦ ਹੋਇਆ; ਸ਼ਰੀਕਾਂ ਨੇ ਗੋਰਖ ਨੂੰ ਮਿਹਣਾ ਮਾਰਿਆ [ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ] ਹੇ ਗੋਰਖ ਤੂ ਜਤੀ ਸਦਾਉਂਦਾ ਹੈਂ ਤੇਰਾ ਗੁਰੂ ਸੰਗਲਾਦੀਪ ਵਿਚ ਪਦਮਣੀਆਂ ਦੇ ਸੁਖ ਭੋਗ ਰਿਹਾ ਹੈ। ਇਹ ਮਿਹਣਾ ਸੁਣ ਕੇ ਗੋਰਖ ਆਪਣੇ ਗੁਰੂ ਨੂੰ ਵਿਸ਼ਿਆਂ ਦੇ ਖੂਹ ਵਿਚੋਂ ਕੱਢਣ ਵਾਸਤੇ ਭੇਸ ਬਦਲਾ ਕੇ ਉਸ ਦੇ ਰਾਜ ਵਿਚ ਦਾਖਲ ਹੋਇਆ ਕਿਉਂਕਿ ਉਸਦਾ ਹੁਕਮ ਸੀ ਕਿ ਕੋਈ ਕੰਨ ਪਾਟਾ ਜੋਗੀ ਮੇਰੇ ਰਾਜ ਦੀ ਹੱਦ ਅੰਦਰ ਨਹੀਂ ਵੜਨਾ ਚਾਹੀਦਾ। ਰਾਜ ਦਰਬਾਰ ਵਿਚ ਜਿਥੇ ਵਿਸ਼ੇ ਰਸ ਦਾ ਗਾਇਨ ਕਰਨ ਵਾਲੀ ਵੇਸਵਾ ਨਚਦੀ ਗਾਉਂਦੀ ਸੀ ਅਤੇ ੩੬੦ ਕਿਆਫਾ ਵਜਦਾ ਸੀ। ਗੋਰਖ ਤਬਲਾ ਵਜਾਉਣ ਵਾਲੇ ਦਾ ਸ਼ਗਿਰਦ ਬਣਿਆ ਤੇ ਤਬਲਾ ਸਿਖਿਆ। ਇਕ ਦਿਨ ਤਬਲਾ ਵਜਾਉਣ ਵਾਲਾ ਬਿਮਾਰ ਹੋਇਆ ਤੇ ਉਸਦਾ ਸ਼ਗਿਰਦ ਗੋਰਖ ਰਾਜ ਦਰਬਾਰ ਵਿਚ ਪਹੁੰਚਿਆ। ਤਬਲਾ ਸੁਰ ਕਰਕੇ ਛਾਪ ਲਈ ਮਛੰਦਰ ਦੀ ਵਿਸ਼ੇ ਰਸ ਵਿਚ ਫਸੀ ਆਤਮਾ ਨੂੰ ਜਗਾਇਆ। ਤਬਲੇ ਵਿਚੋਂ ਅਵਾਜ਼ ਕੱਢੀ [ਜਾਗ ਮਛੰਦਰਾ ਗੋਰਖ ਆਇਓ] ਅਤੇ ਗੋਰਖ ਨੇ ਇਸਨੂੰ ਉਥੋਂ ਕੱਢ ਕੇ ਲਿਆਂਦਾ ਇਸ ਦੇ ਸੰਜੋਗ ਤੋਂ ਰਾਣੀਆਂ ਦੇ ਦੋ ਪੁੱਤਰ ਪੈਦਾ ਹੋਇ। ਗੋਰਖ ਨੇ ਉਹ ਵੀ ਮਾਰ ਮੁਕਾਏ ਕਿ ਯੋਗੀਆਂ ਦੇ ਮੱਥੇ ਕਲੰਕ ਹੈ। ਇਹ ਵਾਰਤਾ ਗੋਰਖ ਨੇ ਗੁਰੂ ਨਾਨਕ ਜੀ ਦੇ ਚਰਨਾਂ ਵਿਚ ਉਦੋਂ ਆਖੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਤੀਰਾਂ ਦੇ ਅੱਗੇ ਹਾਰ ਖਾ ਬੈਠਾ। ਆਪਣੀ ਆਤਮਿਕ ਤ੍ਰਿਪਤੀ ਤੋਂ ਬਾਅਦ ਆਪਣੇ ਗੁਰੂ ਦਾ ਭਲਾ ਸੋਚਦਿਆਂ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਪਇਆ ਤੇ ਬੇਨਤੀ ਕੀਤੀ ਕਿ ਸਾਈਆਂ, ਮੇਰੇ ਗੁਰੂ ਨੇ ਇਕ ਬਹੁਤ ਵੱਡਾ ਕਲੰਕ ਖਟਿਆ ਹੈ, ਇਸ ਨੂੰ ਤਾਰਨਾ ਕਰੋ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਧੂੜ ਜਦੋਂ ਮਛੰਦਰ ਦੇ ਮਸਤਕ ਨੂੰ ਲੱਗੀ ਤਾਂ ਉਸਦੀ ਕਾਮ-ਕ੍ਰੋਧ ਦੀ ਜ਼ਹਿਰ ਸੜ ਗਈ। ਗੁਰੂ ਅਰਜਨ ਸਾਹਿਬ ਜੀ ਇਸ ਸ਼ਬਦ ਦੀ ਤੀਸਰੀ ਤੁਕ ਵਿਚ ਇਸ ਸਿਧਾਂਤ ਨੂੰ ਪ੍ਰਗਟ ਕਰਦੇ ਹਨ ਕਿ :

## *ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥*

ਮਛੰਦਰ ਨਾਥ ਦੀ ਕਾਮ ਕ੍ਰੋਧ ਦੀ ਜ਼ਹਿਰ ਸਾਧੂ ਰੂਪ ਗੁਰੂ ਨਾਨਕ ਦੇਵ ਜੀ ਦੀ ਚਰਨ ਧੂੜ ਨਾਲ ਨਾਸ ਹੋਈ ਤੇ ਗੁਰੂ ਸਾਹਿਬ ਜੀ ਨੇ ਉਪਦੇਸ਼ ਦੇਣਾ ਕੀਤਾ

ਯਥਾ— **ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਦੇ ਨਹ ਡੋਲੈ ॥**

[ਰਾਮਕਲੀ ਮਹਲਾ ੧ ਅੰਗ ੯੭੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੪ [ਆਦਿ ਅੰਗ ੫੩੩]

***ਦੇਵਗੰਧਾਰੀ ੫ ॥ ਦਰਸਨ ਨਾਮ ਕਉ ਮਨੁ ਆਛੈ ॥ ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥੧॥ ਰਹਾਉ ॥ ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ ॥ ਸਾਧਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ ॥੧॥ ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇ ਆਛੈ ॥ ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥***

## *ਦਰਸਨ ਨਾਮ ਕਉ ਮਨੁ ਆਛੈ ॥

ਗੁਰੂ ਅਰਜਨ ਦੇਵ ਜੀ ਨੇ ਇਸ ਅੰਮ੍ਰਿਤ ਬਚਨ ਵਿਚ ਜਗਿਆਸੂ ਦੀ ਅਵਸਥਾ ਕਥਨ ਕੀਤੀ ਹੈ ਅਤੇ ਦਰਸ਼ਨਾਂ ਦੀ ਤਾਂਘ, ਜੋ ਜਗਿਆਸੂ ਦੇ ਮਨ ਵਿਚ ਤੜਫ ਹੈ ਉਸਨੂੰ ਅੰਮ੍ਰਿਤ ਬਚਨਾਂ ਵਿਚ ਪ੍ਰਗਟ ਕੀਤਾ ਹੈ। ਦਰਸ਼ਨਾਂ ਦੇ ਨਾਲ-ਨਾਲ ਨਾਮ ਅਭਿਆਸ ਦੇ ਦਾਨ ਦੀ ਭਾਵਨਾ ਵੀ ਪ੍ਰਗਟ ਕੀਤੀ ਹੈ। ਇਹ ਉਹ ਅਵਸਥਾ ਹੈ ਜਦੋਂ ਜਗਿਆਸੂ ਦਾ ਮਨ ਨਿਸ਼ਕਾਮ ਸੇਵਾ ਤੋਂ ਅੰਤਸ਼ਕਰਣ ਦੀ ਸੁਧੀ ਵਿਚ ਇਹ ਇੱਛਾ ਪ੍ਰਗਟ ਕਰਦਾ ਹੈ। ਪੰਗਤੀ ਦਾ ਅਰਥ: ਵਾਹਿਗੁਰੂ ਦੇ ਦਰਸ਼ਨਾਂ ਅਤੇ ਨਾਮ ਸਿਮਰਨ ਕਉ=ਨੂੰ ਮੇਰਾ ਮਨ ਆਛੈ=ਚਾਹੁੰਦਾ ਹੈ।

ਯਥਾ— **੧. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
[ਮਾਝ ਮਹਲਾ ੫, ਅੰਗ ੯੬]

**੨. ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥**
[ਸੂਹੀ ਮਹਲਾ ੫, ਅੰਗ ੭੪੨)

## ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥੧॥ਰਹਾਉ॥

ਹੇ ਭਾਈ ਮੈਂ ਸਾਰਿਆਂ ਥਾਨ=ਅਸਥਾਨਾਂ, ਜਗ੍ਹਾ ਤੇ ਪ੍ਰਭੂ ਪ੍ਰਾਪਤੀ ਲਈ ਖੋਜਦਾ ਹੋਇਆ ਭ੍ਰਮਿ=ਚੱਕਰ ਕੱਟਕੇ ਅਖੀਰ ਸ਼ਾਂਤ ਆਤਮਾ ਦੇ ਪਾਛੈ=ਮਗਰ ਭਾਵ ਉਹਨਾਂ ਦੇ ਦੱਸੇ ਰਸਤੇ ਤੇ ਪਰਿਓ=ਪਿਆ ਭਾਵ ਚੱਲਿਆ ਹਾਂ।

ਯਥਾ— **੧. ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥** [ਸਲੋਕ ਕਬੀਰ, ਅੰਗ ੧੩੭੧]

**੨. ਫਿਰਤ ਫਿਰਤ ਸੰਤਨ ਪਹਿ ਆਇਆ ॥** [ਵਡਹੰਸੁ ਮਹਲਾ ੫, ਅੰਗ ੫੬੨]

## ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ ॥

ਇਸ ਤੁਕ ਵਿਚ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਪਹੁੰਚ ਕੇ ਜੋ ਜਗਿਆਸੂ ਬੇਨਤੀਆਂ ਕਰਦਾ ਹੈ। ਇਥੇ ਗੁਰੂ ਅਰਜਨ ਸਾਹਿਬ ਜੀ ਸੰਤ ਪਦ ਗੁਰੂ ਰਾਮਦਾਸ ਜੀ ਮਹਾਰਾਜ ਲਈ ਵਰਤਦੇ ਹਨ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਮੂਲ ਰੂਪ ਵਿਚ ਇਹ ਸ਼ਬਦ ਗੁਰੂ ਸਹਿਬ ਲਈ ਗੁਰਬਾਣੀ ਵਿਚ ਆਇਆ ਹੈ, ਪਰ ਇਹ ਨਿਯਮ ਨਹੀਂ ਕਿ ਗੁਰੂ ਤੋਂ ਬਿਨਾ ਹੋਰ ਕਿਸੇ ਗੁਰਮੁਖ ਰੂਹ ਵਾ ਸਿੱਖ ਲਈ ਨਾ ਵਰਤਿਆ ਹੋਵੇ। ਗੁਰੂ ਸ਼ਰਨ ਵਿਚ ਜਾ ਕੇ ਜਗਿਆਸੂ ਪੁਛਦਾ ਹੈ ਕਿ ਹਉ=ਮੈਂ ਕਿਸੁ=ਕਿਸਨੂੰ ਸੇਵਣਾ ਕਰਾਂ, ਭਾਵ ਕਿਸ ਦੀ ਸੇਵ ਕਮਾਵਾਂ ਅਤੇ ਕਿਸ ਦਾ ਅਰਾਧਨ ਭਾਵ ਚਿੰਤਨ ਕਰਾਂ। ਲੋਕੀ ਦੇਵੀ ਦੇਵਤਿਆਂ ਦਾ ਅਰਾਧਨ ਕਰਦੇ ਹਨ ਵਾ ਕਿਰਤਮ ਪੂਜਾ ਵਿਚ ਫਸੇ ਹਨ ਕਿਉਂਕਿ ਜੋ ਵੀ ਕੁਝ ਦ੍ਰਿਸਟੈ=ਨਜ਼ਰੀ ਆ ਰਿਹਾ ਹੈ ਉਹ ਸਭ ਕੁਝ ਗਾਛੈ=ਚਲੇ ਜਾਣ ਵਾਲੀ ਹੈ।

* **ਨੋਟ**: ਇਸ ਦੀ ਹੋਰ ਵਿਚਾਰ ਅਖੀਰ ਤੇ ਪੜ੍ਹੋ।

PDF created with pdfFactory Pro trial version www.pdffactory.com

ਯਥਾ— **੧. ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥** [ਸੂਹੀ ਮਹਲਾ ੫, ਅੰਗ ੭੩੮]

**੨. ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥** [ਸਿਰੀਰਾਗੁ ਮਹਲਾ ੩, ਅੰਗ ੩੪]

ਤਾਂ ਗੁਰੂ ਜੀ ਉੱਤਰ ਦਿੰਦੇ ਹਨ ਕਿ ਹੇ ਜਗਿਆਸੂ :

***ਸਾਧਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ ॥੧॥***

ਸਾਧ=ਸ੍ਰੇਸ਼ਟ ਨਿਰਮਲ ਕਰਮ ਕਰਨ ਵਾਲੇ ਗੁਰਸਿੱਖਾਂ ਦੀ ਸੰਗਤ ਦੁਆਰਾ ਗੁਰੂ ਦੇ ਚਰਨੀ ਲੱਗਣਾ ਕਰ ਤੇਰਾ ਮਨ ਗੁਰੂ ਚਰਣਾਂ ਦੀ ਧੂੜ ਨੂੰ ਬਾਛੈ=ਲੋਚਦਾ ਵਾ ਚਾਹੁੰਦਾ ਰਹੇ।

ਯਥਾ— **੧. ਸਾਧਸੰਗਿ ਤਾ ਕੀ ਸਰਨੀ ਪਰਹੁ ॥** [ਗਉੜੀ ਮਃ ੫ ਅੰਗ ੧੯੧]

**੨. ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥੫॥੨॥** [ਸਾਰਗ ਮਹਲਾ ੫, ਅੰਗ ੧੨੦੩]

ਗੁਰੂ ਜੀ ਜਗਿਆਸੂ ਨੂੰ ਦੱਸਦੇ ਹਨ ਕਿ ਨਿਮਰਤਾ ਨਾਲ ਇਉਂ ਬੇਨਤੀ ਕਰ :

***ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇ ਆਛੈ ॥***

ਕਿ ਮੈਂ ਕੋਈ ਭੀ ਰੱਬ ਨਾਲ ਜੁੜਨ ਦੀ ਜੁਗਤਿ=ਤਰੀਕਾ ਨਹੀਂ ਜਾਣਦਾ ਹਾਂ, ਮੇਰੇ ਵਿਚ ਗੁਣ ਵੀ ਕੋਈ ਨਹੀਂ ਜਿਸ ਕਰਕੇ ਮੈਂ ਇਸ ਮਾਇ=ਮਾਇਆ ਜੋ ਮਹਾ ਦੁਤਰੁ=ਵੱਡੀ ਕਠਨ ਆਛੈ=ਹੈ ਨੂੰ ਲੰਘ ਕੇ ਪ੍ਰਮਾਤਮਾ ਨੂੰ ਪ੍ਰਾਪਤ ਕਰ ਲਵਾਂ।

ਯਥਾ—**੧. ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਮ ਫੰਧ ਪਰੇ ॥** [ਆਸਾ ਬਾਣੀ ਧੰਨੇ ਜੀ ਕੀ ਅੰਗ ੪੮੭]

**੨. ਦੁਤਰ ਮਹਾ ਬਿਖਮ ਇਹ ਮਾਏ ॥** [ਗਉੜੀ ਮਹਲਾ ੫, ਅੰਗ ੨੫੮]

**੩. ਦੁਤਰ ਅੰਧ ਬਿਖਮ ਇਹ ਮਾਇਆ ॥** [ਆਸਾ ਮਹਲਾ ੫, ਅੰਗ ੩੭੭]

***ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥***

ਜਗਿਆਸੂ ਮੁਖ ਦੁਆਰਾ ਗੁਰੂ ਜੀ ਕਥਨ ਕਰਦੇ ਹਨ ਕਿ ਜਦ ਤੋਂ ਮੈਂ ਗੁਰੂ ਦੇ ਚਰਨੀਂ ਆ ਪਿਆ ਹਾਂ ਇਹ ਫਲ ਪਰਤੱਖ ਰੂਪ ਵਿਚ ਮੈਨੂੰ ਪ੍ਰਾਪਤ ਹੋ ਗਿਆ ਹੈ ਕਿ ਉਦੋਂ ਤੋਂ ਹੀ ਮੇਰੀ ਸਗਲ=ਸਾਰੀ ਦੁਰਾਛੈ=ਖੋਟੀ ਇੱਛਾ ਭਾਵ ਬੁਰੀ ਵਾਸ਼ਨਾ ਉਤਰੀ=ਦੂਰ ਹੋ ਗਈ ਹੈ।

ਯਥਾ— **ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥** [ਗੋਂਡ ਮਹਲਾ ੫, ਅੰਗ ੮੬੪]

**ਸਾਖੀ—**ਇਕ ਵਾਰ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਲਈ ਅਰਜਨ ਨੇ ਭਗਵਾਨ ਜੀ ਦੇ ਟਿਕਾਣੇ ਜਾਣ ਦੀ ਤਿਆਰੀ ਕੀਤੀ। ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਚੁੱਕਾ ਸੀ, ਭਗਵਾਨ ਜੀ ਨਾਲ ਅਰਜਨ ਦਾ ਪਿਆਰ ਬਹੁਤ ਸੀ।

ਯਥਾ— **ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥** [ਧਨਾਸਰੀ ਭਗਤ ਰਵਿਦਾਸ ਜੀ ਅੰਗ ੬੯੪]

PDF created with pdfFactory Pro trial version www.pdffactory.com

ਦਰਸ਼ਨ ਕਰਨ ਦੇ ਨਾਲ ਵਿਯੋਗ ਲਹਿ ਜਾਂਦੇ ਹਨ ਗੁਰੂ ਜੀ ਦਾ ਫੁਰਮਾਨ ਹੈ ਕਿ

ਯਥਾ— **ਦਰਸਨੁ ਦੇਖਤ ਦੋਖ ਨਸੇ ॥** [ਬਿਲਾਵਲੁ ਮਹਲਾ ੫, ਅੰਗ ੮੨੬]

ਆਪਣੇ ਮਨ ਦੀ ਤ੍ਰਿਪਤੀ ਲਈ ਭਗਵਾਨ ਕ੍ਰਿਸ਼ਨ ਦੇ ਦਰਸ਼ਨਾਂ ਨੂੰ ਅਰਜਨ ਚੱਲਿਆ, ਆਪਣੇ ਨਾਲ ਕੋਈ ਸਾਥੀ ਨਹੀਂ ਲਿਆ; ਭਗਵਾਨ ਜੀ ਦੇ ਦਰਸ਼ਨ ਵਿਚ ਮਘਨ ਇਕੱਲਾ ਤੁਰਿਆ ਜਾ ਰਿਹਾ ਸੀ ਤਾਂ ਰਸਤੇ ਵਿਚ ਇਕ ਤਪਸੱਵੀ ਸਾਧੂ ਬੋਹੜ ਥੱਲੇ ਬੈਠਾ ਨਜ਼ਰ ਪਿਆ ਜੋ ਸੰਸਾਰ ਤੋਂ ਉਪਰਾਮ ਹੋ ਜੰਗਲ ਵਿਚ, ਜਿਥੋਂ ਦੀ ਇਹ ਰਸਤਾ ਜਾਂਦਾ ਸੀ ਉਸਦੇ ਕਿਨਾਰੇ ਬੋਹੜ ਨੂੰ ਆਪਣੀ ਕੁਟੀਆ ਸਮਝ ਕੇ ਉਮਰ ਦੇ ਦਿਨ ਕੱਟ ਰਿਹਾ ਸੀ। ਗਰਮੀ ਸਰਦੀ ਆਪਣੇ ਸਰੀਰ ਤੇ ਸਹਾਰਦਾ ਹੋਇਆ ਤਤਿਕਸ਼ਾ ਬਿਰਤੀ ਦੁਆਰਾ ਅਨੰਦ ਵਿਚ ਹੈ। ਭੁੱਖ ਲੱਗੀ ਤੋਂ ਜੰਗਲ ਦੇ ਫਲ-ਫੁੱਲ ਤੋੜ ਕੇ ਖਾ ਲੈਂਦਾ।

ਯਥਾ— **ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥** [ਰਾਮਕਲੀ ਮਹਲਾ ੧, ਅੰਗ ੯੩੮]

ਦੇ ਮਹਾਂ ਵਾਕ ਅਨੁਸਾਰ ਸਮਾਂ ਬਤੀਤ ਕਰ ਰਿਹਾ ਸੀ। ਅਰਜਨ ਨੇ ਸੋਚਿਆ, ਅਚਾਨਕ ਸਾਧੂ ਦਾ ਦਰਸ਼ਨ ਹੋਇਆ ਹੈ, ਰੱਬ ਦੇ ਪਿਆਰਿਆਂ ਨੂੰ ਮਿਲਣ ਦਾ ਬਹੁਤ ਵੱਡਾ ਮਹਾਤਮ ਹੈ ਇਸ ਲਈ ਮੈਂ ਉਸ ਬਨਵਾਸੀ ਤਪੱਸਵੀ ਨੂੰ ਮਿਲਾਂ ਅਤੇ ਦਰਸਨ-ਪਰਸਨ ਕਰਕੇ ਲਾਭ ਉਠਾਵਾਂ। ਇਹ ਸੋਚ ਕੇ ਅਰਜਨ ਨੇ ਸਾਧੂ ਕੋਲ ਜਾ ਕੇ ਉਸ ਨੂੰ ਨਮਸ਼ਕਾਰ ਕੀਤੀ ਅਤੇ ਕੁਝ ਬੇਨਤੀ ਰੂਪ ਵਿਚ ਪੁੱਛਣ ਲੱਗਾ ਕਿ ਹੇ ਤਪੱਸਵੀ ਮਹਾਤਮਾ ਤੁਸੀਂ ਇਤਨੀ ਕਠਨ ਘਾਲਣਾ ਘਾਲ ਰਹੇ ਹੋ ਤੁਹਾਡਾ ਮਨੋਰਥ ਕੀ ਹੈ ਮੈਨੂੰ ਇਸਦਾ ਭੇਦ ਦਸਣਾ ਕਰੋ। ਮਹਾਤਮਾ ਜੀ ਕਹਿਣ ਲੱਗੇ ਕਿ ਮੈਨੂੰ ਕੇਵਲ ਭਗਵਾਨ ਦੇ ਮਿਲਣ ਦੀ ਪ੍ਰਬਲ ਇੱਛਾ ਹੈ ਹੋਰ ਮੈਨੂੰ ਕਿਸੇ ਸੰਸਾਰੀ ਸੁਖ ਦੀ ਲੋੜ ਨਹੀਂ ਕੇਵਲ ਤੇ ਕੇਵਲ ਦਰਸ਼ਨਾਂ ਨੂੰ ਹੀ ਮਨ ਚਾਹੁੰਦਾ ਹੈ: **ਦਰਸਨ ਨਾਮ ਕਉ ਮਨੁ ਆਛੈ।**

ਮੈਨੂੰ ਪ੍ਰਭੂ ਦਰਸ਼ਨਾਂ ਤੋਂ ਬਿਨਾਂ ਕੋਈ ਵਸਤੂ ਚੰਗੀ ਨਹੀਂ ਲੱਗਦੀ ਨਾਮ ਅਤੇ ਭਗਵਾਨ ਦੇ ਦਰਸ਼ਨਾਂ ਨੂੰ ਹੀ ਮੇਰਾ ਮਨ ਚਾਹੁੰਦਾ ਹੈ। ਮਹਾਤਮਾ ਨੇ ਅਰਜਨ ਨੂੰ ਪੁੱਛਿਆ ਕਿ ਤੂੰ ਕੌਣ ਹੈਂ ਅਤੇ ਕਿਥੇ ਚਲਿਆ ਹੈਂ। ਅਰਜਨ ਨੇ ਦੱਸਿਆ ਕਿ ਮੈਂ ਪਾਂਡਵ ਪੁੱਤਰ ਅਰਜਨ ਹਾਂ ਅਤੇ ਭਗਵਾਨ ਕ੍ਰਿਸ਼ਨ ਜੀ ਨੂੰ ਮਿਲਣ ਲਈ ਚਲਿਆ ਹਾਂ। ਮਹਾਤਮਾ ਨੇ ਕਿਹਾ ਕਿ ਤੂੰ ਭਗਵਾਨ ਨੂੰ ਮੇਰੇ ਵਲੋਂ ਪੁੱਛ ਕੇ ਆਵੀਂ ਕਿ ਮੈਨੂੰ ਆਪ ਜੀ ਕਦੋਂ ਦਰਸ਼ਨ ਦਿਓਗੇ, ਅਤੇ ਕਿੰਨਾ ਚਿਰ ਉਡੀਕ ਕਰਨੀ ਪਵੇਗੀ। ਮੁੜਦਿਆਂ ਭਗਵਾਨ ਦਾ ਸੁਨੇਹਾ ਜੋ ਮੇਰੇ ਪ੍ਰਤੀ ਦੇਣਗੇ ਉਹ ਦਸਦੇ ਜਾਣਾ। ਅਰਜਨ ਭਗਵਾਨ ਕੋਲ ਗਿਆ ਅਤੇ ਭਗਵਾਨ ਜੀ ਨੂੰ ਮਿਲਕੇ ਜੰਗਲ ਵਾਲਾ ਮਹਾਤਮਾ ਯਾਦ ਆਇਆ ਤਾਂ ਭਗਵਾਨ ਨੂੰ ਤਪੱਸਵੀ ਦਾ ਪ੍ਰਸ਼ਨ ਰੂਪ ਸੁਨੇਹਾ ਦਿੱਤਾ ਕਿ ਮੈਨੂੰ ਦਰਸ਼ਨ ਕਦੋਂ ਹੋਣਗੇ ਤਾਂ ਭਗਵਾਨ ਨੇ ਕਿਹਾ ਉਸਨੂੰ ਕਹਿਣਾ ਕਿ ਕਾਹਲੀ ਨਾ ਕਰੇ। ਉਸਦੀ ਦਰਸ਼ਨ ਕਰਨ ਦੀ ਵਾਰੀ ਦੂਰ ਹੈ, ਜਿਸ ਬਿਰਛ ਦੇ ਹੇਠ ਬੈਠਾ ਤਪ ਕਰ ਰਿਹਾ ਹੈ ਉਸਦੇ ਜਿਤਨੇ ਪੱਤੇ ਹਨ ਉਤਨੇ ਜਨਮ ਜਦੋਂ ਉਸਨੂੰ ਤਪੱਸਿਆ ਕਰਦੇ ਬੀਤ ਜਾਣਗੇ ਫੇਰ ਉਸਨੂੰ ਦਰਸ਼ਨ ਦਿਆਂਗਾ। ਜਦੋਂ ਦਰਸ਼ਨ ਕਰਕੇ ਅਰਜਨ ਵਾਪਸ ਆਇਆ ਤਾਂ ਕਹਿਣ ਲੱਗਾ, ਹੇ ਮਹਾਤਮਾ! ਭਗਵਾਨ ਨੇ ਤੇਰੇ ਬਾਰੇ ਇਹ ਕਿਹਾ ਹੈ ਕਿ ਜਿਤਨੇ ਦਰੱਖਤ ਦੇ ਪੱਤੇ ਹਨ ਇਤਨੇ ਜਨਮ ਤੋਂ ਬਾਅਦ ਦਰਸ਼ਨ ਹੋਣਗੇ। ਇਹ ਸੁਣਦੇ ਸਾਰ ਹੀ ਤਪੱਸਵੀ ਅਥਾਹ ਖ਼ੁਸ਼ੀ ਨਾਲ ਪ੍ਰਭੂ ਰੰਗ ਵਿਚ ਨੱਚਣ ਅਤੇ ਗਾਉਣ ਲੱਗ ਪਿਆ। ਅਰਜਨ ਕਹਿਣ ਲੱਗਾ ਕਿ ਤੁਹਾਨੂੰ ਇਹ ਉੱਤਰ ਸੁਣਕੇ ਰੋਣਾ ਚਾਹੀਦਾ ਸੀ ਕਿ ਇਤਨਾਂ ਸਮਾਂ ਹੋਰ ਇੰਤਜ਼ਾਰ ਕਰਨਾ ਪਵੇਗਾ ਪਰ ਤੂੰ ਖੁਸ਼ ਹੈਂ। ਤਪੱਸਵੀ ਕਹਿਣ ਲੱਗਾ ਖੁਸ਼ੀ ਇਸ ਗੱਲ ਦੀ ਹੈ ਕਿ ਹੁਣ ਦਰਸ਼ਨਾਂ ਦਾ ਸਮਾਂ ਬੰਨਿਆ ਗਿਆ ਹੈ ਕਿਉਂਕਿ ਪਹਿਲਾਂ ਮੈਨੂੰ ਇਹ ਨਹੀਂ ਸੀ ਪਤਾ ਕਿ ਦਰਸ਼ਨ ਹੋਣਗੇ ਜਾਂ ਨਹੀਂ। ਹੁਣ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਮੈਨੂੰ ਵੀ ਭਗਵਾਨ ਦੇ ਦਰਸ਼ਨ ਹੋਣਗੇ ਅਤੇ ਮੈਂ ਵੀ ਦਰਸ਼ਨ ਕਰਨ ਵਾਲਿਆਂ ਦੀ ਕਤਾਰ ਵਿਚ ਗਿਣਿਆ ਗਿਆ ਹਾਂ ਦੇਰ ਦੀ ਕੋਈ ਗੱਲ ਨਹੀਂ। ਇਹ ਹੈ ਉਹਨਾ ਦੀ ਕਹਾਣੀ ਉਹਨਾਂ ਰੱਬੀ ਪਿਆਰਿਆਂ ਦੀ ਗਾਥਾ ਜਿਨ੍ਹਾਂ ਦਾ ਮਨ ਪ੍ਰਭੂ ਦੇ ਦਰਸ਼ਨਾਂ ਅਤੇ ਨਾਮ ਨੂੰ ਚਾਹੁੰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੫ [ਆਦਿ ਅੰਗ ੫੩੫]

***ਦੇਵਗੰਧਾਰੀ ਮਹਲਾ ੫ ॥ ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥ ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥ ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥ ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥ ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥***

## ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥

ਗੁਰੂ ਅਰਜਨ ਦੇਵ ਸਾਹਿਬ ਜੀ ਇਸ ਮੁਖਵਾਕ ਵਿਚ ਬੇਮੁਖ ਨਾਸਤਕਾਂ ਦੀ ਸੰਗਤ ਤੋਂ ਬਚਣ ਦਾ ਉਪਦੇਸ਼ ਦੇ ਰਹੇ ਹਨ। ਰੇ=ਹੇ ਭਾਈ ਮਨ ਦੀ ਬਿਰਤੀ ਨੂੰ ਉਲਟਾਉਣਾ ਕਰ ਜੋ ਉਲਟੇ ਸੰਸਾਰ ਵਲੋਂ ਉਲਟਾਉਣ ਵਾਲੀ ਹੈ। ਪ੍ਰਸ਼ਨ :—ਸੰਸਾਰ ਵਿਚ ਕਿਸ ਵਲੋਂ ਉਲਟਾਉਣਾ ਕਰਾਂ ? ਉੱਤਰ :—ਵਿਸ਼ੇਸ਼ ਕਰਕੇ ਕਹਿੰਦੇ ਹਨ ਕਿ ਹੇ ਭਾਈ ਸਾਕਤਾਂ ਵਲੋਂ ਮਨ ਦੀ ਬਿਰਤੀ ਉਲਟਾਉਣਾ ਕਰ। ਸਾਕਤ=ਇਹ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਹਨ : ਡਿੱਗਾ ਹੋਇਆ, ਇਹੀ ਪਦ ਸੰਸਕ੍ਰਿਤ ਵਿਚ ਵੀ ਆਇਆ ਹੈ, ਸੰਸਕ੍ਰਿਤ ਵਿਚ ਇਸ ਦਾ ਸਰੂਪ ਸ਼ਾਕਿਤ ਹੈ।

**ਸ਼ਾਕਿਤ** : ਸ਼ਕਤੀ, ਉਪਾਸ਼ਕ, ਵਾਮ-ਮਾਰਗੀਆ, ਆਮ ਇਖਲਾਕ ਵਿਰੁੱਧ ਕਿਰਿਆ ਕਰਨੇ ਵਾਲਾ ਭਾਵ ਬੁਰਾ, ਪਤਿਤ, ਵਾਹਿਗੁਰੂ ਤੋਂ ਬੇਮੁਖ, ਡਿਗਿਆ ਹੋਇਆ। ਅਥਵਾ ਜਿਨ੍ਹਾਂ ਸੰਤਾਂ ਦੀ ਆਪਣੀ ਬਿਰਤੀ ਸੰਸਾਰ ਵਲੋਂ ਉਲਟੀ=ਬਦਲੀ ਹੈ ਪਰਮੇਸ਼ਰ ਵੱਲ ਜੋ ਹੋਰਨਾਂ ਜਗਿਆਸੂਆਂ ਦੀ ਬਿਰਤੀ ਉਲਟਾਉਣ ਨੂੰ ਸਮਰੱਥ ਹਨ, ਹੇ ਪਿਆਰੇ ! ਉਹਨਾਂ ਸੰਤਾਂ ਨਾਲ ਮਿਲ ਕੇ ਸਾਕਤਾਂ ਨਾਲੋਂ ਆਪਣੇ ਮਨ ਦੀ ਬਿਰਤੀ ਨੂੰ ਉਲਟਾਉਣਾ ਕਰ ਅਥਵਾ ਜਿਨ੍ਹਾਂ ਸਾਕਤਾਂ ਦੀ ਬਿਰਤੀ ਪ੍ਰਮਾਤਮਾਂ ਨਾਲੋਂ ਉਲਟੀ ਹੋਈ ਹੈ। ਹੇ ਭਾਈ ਉਲਟੀ=ਉਪਰ-ਛਲ ਵਾਂਗੂ ਜਾਣਕੇ ਸਾਕਤਾਂ ਨਾਲੋਂ ਬਿਰਤੀ ਨੂੰ ਉਲਟਾਉਣਾ ਕਰ, ਕਿਉਂਕਿ ਸਾਕਤਾਂ ਦੀ ਸੰਗਤ ਵਿੱਚ ਘਾਟਾ ਹੀ ਘਾਟਾ ਹੈ। ਇਸ ਲਈ ਗੁਰਬਾਣੀ ਵਿਚ ਬਹੁਤ ਥਾਵਾਂ ਤੇ ਪ੍ਰਮਾਣ ਮਿਲਦੇ ਹਨ।

ਯਥਾ— **੧. ਨਾਨਕ ਮਨਮੁਖਾ ਨਾਲੋਂ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥**

[ਗਉੜੀ ਕੀ ਵਾਰ ਸਲੋਕ ਮ: ੪, ਅੰਗ ੩੧੬]

**੨. ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥**

[ਬਿਹਾਗੜੇ ਕੀ ਵਾਰ ਮ: ੩, ਅੰਗ: ੫੪੯]

## ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ਰਹਾਉ॥

ਹੇ ਪਿਆਰੇ ! ਝੂਠੇ ਸੰਸਾਰ ਦੀ ਪ੍ਰੀਤਿ ਕਰਨੀ ਝੂਠੀ ਹੈ ਇਸ ਲਈ ਰੇ ਮਨ=ਹੇ ਭਾਈ ਸਾਕਤਾਂ ਨਾਲੋ ਪ੍ਰੀਤੀ ਕਰਨੀ ਛੱਡ ਦੇ, ਛੱਡ ਦੇ, ਕਿਉਂਕਿ ਝੂਠੇ ਸਾਕਤਾਂ ਦੀ ਸੰਗਤ ਕਰਕੇ ਜਮਾਂ ਦੀ ਮਾਰ ਤੋਂ ਨਹੀਂ ਛੁੱਟ ਸਕਦਾ। ਅਥਵਾ ਰੇ ਮਨ=ਹੇ ਪਿਆਰੇ ਜਿਨ੍ਹਾਂ ਸੰਤਾਂ ਦੀ ਸੰਸਾਰ ਵਲੋਂ ਪ੍ਰੀਤੀ ਛੁਟੀ ਹੋਈ ਹੈ ਉਹਨਾਂ ਸੰਤਾਂ ਦੇ ਦੁਆਰਾ ਤੂੰ ਵੀ ਸੰਸਾਰ ਵਲੋਂ ਪ੍ਰੀਤੀ ਕਰਨੀ ਛੁਟਕੀ=ਛੱਡ ਦੇ ਇਹ ਨਿਯਮ ਸਮਝ ਲੈ ਸਾਕਤਾਂ ਦੀ ਸੰਗਤ ਕਰਕੇ ਸੰਸਾਰ ਤੋਂ ਛੁਟਕਾਰਾ ਨਹੀਂ ਹੋਵੇਗਾ।

PDF created with pdfFactory Pro trial version www.pdffactory.com

ਯਥਾ— **੧. ਜਗਤ ਮੈ ਝੂਠੀ ਦੇਖੀ ਪ੍ਰੀਤਿ ॥** [ਦੇਵਗੰਧਾਰੀ ਮਹਲਾ ੯, ਅੰਗ ੫੩੬]

**੨. ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**

[ਆਸਾ ਦੀ ਵਾਰ ਸਲੋਕੁ ਮਃ ੧, ਅੰਗ ੪੬੮]

## *ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥

ਜਿਵੇਂ ਮੰਦਰੁ=ਮਕਾਨ, ਕਾਜਰ=ਕੱਜਲ ਵਾ ਕਾਲਖ [ਸਿਆਹੀ] ਨਾਲ ਭਰਿਆ ਹੋਵੇ ਉਸ ਵਿਚ ਜੋ ਪੈਸੇ=ਪੈ ਜਾਂਦਾ ਹੈ ਉਹ ਕਾਲੂਖੀ=ਕਾਲਾ ਹੋ ਜਾਏਗਾ। ਇਸੇ ਤਰ੍ਹਾਂ ਸੰਸਾਰ ਵੀ ਇਕ ਮੰਦਰ=ਮਕਾਨ ਹੈ ਬਸ ਇਤਨਾ ਹੀ ਫਰਕ ਹੈ ਕਿ ਕੁਝ ਛੋਟੇ ਮੰਦਰ ਹੁੰਦੇ ਹਨ ਤੇ ਕੁਝ ਬਹੁਤ ਛੋਟੇ ਅਤੇ ਕੁਝ ਬਹੁਤ ਵੱਡੇ। ਸੰਸਾਰ ਸਭ ਤੋਂ ਵੱਡਾ ਮੰਦਰੁ=ਮਕਾਨ ਹੈ।

ਜਿਸਨੂੰ ਸਚੇ ਪ੍ਰਮਾਤਮਾ ਦੀ ਕੋਠੜੀ ਵੀ ਆਖਿਆ ਹੈ। ਇਸ ਮਕਾਨ ਵਿਚ ਮਾਇਆ ਰੂਪੀ ਕਾਜਰ=ਕੱਜਲ ਵਾ ਸਿਆਹੀ ਭਰੀ ਹੋਈ ਹੈ ਜੋ ਇਸ ਮੰਦਰੁ=ਸੰਸਾਰ ਵਿਚ ਪ੍ਰਵੇਸ਼ ਕਰਦਾ ਹੈ ਭਾਵ ਪਦਾਰਥਾਂ ਨੂੰ ਸੱਚ ਨਿਸਚੇ ਕਰਦਾ ਹੈ ਉਸਨੂੰ ਵਿਸ਼ਿਆਂ ਰੂਪੀ ਕਾਲੂਖੀ=ਕਾਲਖ ਲਗ ਜਾਂਦੀ ਹੈ, ਵਾ ਜੋ ਸਾਕਤਾਂ ਦੀ ਸੰਗਤ ਕਰਦਾ ਹੈ ਉਹ ਅਵਿਦਿਆ ਅਥਵਾ ਪਾਪਾਂ ਰੂਪੀ ਕਾਲਖ ਦੇ ਸਹਿਤ ਹੋ ਜਾਂਦਾ ਹੈ ਅਰਥਾਤ ਕਲੰਕੀ ਹੋ ਜਾਂਦਾ ਹੈ। ਇਸੇ ਭਾਵ ਨੂੰ ਮੁੱਖ ਰਖਕੇ ਕਬੀਰ ਜੀ ਫੁਰਮਾਉਂਦੇ ਹਨ।

ਯਥਾ— **੧. ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥** [ਸਲੋਕ ਭਗਤ ਕਬੀਰ ਜੀ ੧੩੭੧]

**੨. ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥**

[ਸਲੋਕ ਭਗਤ ਕਬੀਰ ਜੀ ਅੰਗ ੧੩੬੫]

## [ੳ] ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥

ਪੂਰਨ ਗੁਰੂ ਨਾਲ ਮਿਲਕੇ ਜਿਸਦੀ ਤ੍ਰਿਕੁਟੀ=ਧਿਆਤਾ, ਧਿਆਨ, ਧੇਅ ਆਦਿਕ ਜੋ ਵਿਦਾਂਤ ਮੱਤ ਵਿਚ ੧੪ ਕਿਸਮ ਦੀ ਮੰਨੀ ਹੈ, ਜੈਸਾ ਕਿ=ਪ੍ਰਮਾਤਾ, ਪ੍ਰਮਾਣ, ਪ੍ਰਮੇਯ, ਗਿਆਤਾ, ਗਿਆਨ, ਗੇਯ, ਜਿਸਦਾ ਸੰਖੇਪ: ਧਿਆਤਾ=ਧਿਆਉਣ ਵਾਲਾ ਧਿਆਨ=ਅੰਤਸ਼ਕਰਣ ਦੀ ਬਿਰਤੀ ਇਕ ਥਾਂ ਟਿਕਣੀ। ਧੇਯ=ਵਸਤੂ। ਪ੍ਰਮਾਤਾ= ਅੰਤਸ਼ਕਰਣ ਪ੍ਰਮਾਣ=ਨੇਤ੍ਰ, ਪ੍ਰਮੇਯ=ਵਸਤੂ॥ ਗਿਆਤਾ=ਜਾਨਣ ਵਾਲਾ, ਗਿਆਨ=ਜਾਨਣਾ, ਗੇਯ=ਵਸਤੂ। ਐਸੀਆਂ ਇਹ ਤ੍ਰਿਕੁਟੀਆਂ ਹਨ।

**ਤ੍ਰਿਕੁਟੀ**=ਕੂਟ ਨਾਮ ਦਿਸ਼ਾ ਦਾ ਹੈ ਤ੍ਰਿ=ਨਾਮ ਤਿੰਨ ਦਾ ਹੈ ਜਿਸ ਵਿਚ ਦਿਸ਼ਾਵਾਂ ਵਾ ਤਿੰਨ ਤਰਫਾਂ ਵਾ ਤਿੰਨ ਰੂਪ ਵਾ ਤਿੰਨ ਪੱਖ ਦਾ ਸਮਿਲਤ ਭਾਵ ਹੋਵੇ, ਉਸਨੂੰ ਤ੍ਰਿਕੁਟੀ ਕਹੀਦਾ ਹੈ। ਅਥਵਾ ਕਾਇਕ, ਵਾਚਿਕ, ਮਾਨਸ, ਰੂਪ ਵੀ ਤ੍ਰਿਕੁਟੀ ਹੈ। ਸੁਤ, ਵਿਤ, ਲੋਕ, ਈਖਣਾ ਤਿੰਨ ਰੂਪ ਤ੍ਰਿਕੁਟੀ। ਸੁਤ=ਪੁਤਰ ਵਾਸ਼ਨਾ, ਲੋਕ ਵਾਸ਼ਨਾ, ਵਿਤ=ਧਨ ਵਾਸ਼ਨਾ।

**ਈਖਣਾ**=ਇੱਛਾ ਵਾ ਵਾਸ਼ਨਾ ਰੂਪ ਤ੍ਰਿਕੁਟੀ ਛੁਟ ਗਈ ਹੈ। ਉਹ ਸੰਸਾਰ ਦੇ ਪਦਾਰਥਾਂ ਤੋਂ ਦੌੜ ਗਿਆ ਭਾਵ ਦੂਰ ਹੋ ਗਿਆ ਅਰਥਾਤ ਸੰਸਾਰ ਦੇ ਜੀਵਾਂ ਦੀ ਸੰਗਤ ਨਹੀਂ ਕਰਦਾ ਜੇ ਸੰਸਾਰ ਦੇ ਵਿਚ ਰਹਿੰਦਾ ਹੈ ਤਾਂ ਕਮਲ ਦੀ ਨਿਆਈਂ ਜੀਵਨ ਬਤੀਤ ਕਰਦਾ ਹੈ।

ਯਥਾ— **੧. ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸ ॥**

[ਰਾਮਕਲੀ ਕੀ ਵਾਰ ਮਃ ੩, ਅੰਗ ੯੪੯]

* **ਨੋਟ**: ਹੋਰ ਵੀਚਾਰ ਅਖੀਰ ਤੋਂ ਪੜ੍ਹੋ।

PDF created with pdfFactory Pro trial version www.pdffactory.com

**੨. ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥**

[ਵਾਰ ਮਲਾਰ ਕੀ ਮਃ ੩, ਅੰਗ ੧੨੮੧]

**੩. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**

[ਰਾਮਕਲੀ ਮਹਲਾ ੧, ਅੰਗ ੯੩੮]

## [ਅ] ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥

ਹੇ ਮਨ! ਗੁਰਾਂ ਨੂੰ ਮਿਲ ਕੇ ਜਿਸ ਦੀ ਤ੍ਰਿਕੁਟੀ [ਕਰਤਾ, ਕਰਮ, ਕ੍ਰਿਯਾ] ਰੂਪ ਛੁਟ ਗਈ ਹੈ, ਉਹ ਕੁਸੰਗਤ ਨੂੰ ਵੇਖ ਕੇ ਦੂਰੋਂ ਹੀ ਭੱਜ ਗਿਆ ਹੈ।

ਨੋਟ: ਹਠ ਜੋਗ ਦੀ ਕਿਰਿਆ ਵਿਚ ਅਭਿਆਸੀ ਪੁਰਸ਼ ਪ੍ਰਾਣਾਂ ਨਾਲ ਇੜਾ, ਪਿੰਗਲਾ, ਤੇ ਸੁਖਮਨਾਂ ਦੀ ਸਾਧਨਾਂ ਕਰਦਾ ਹੋਇਆ "ਤ੍ਰਿਕੁਟੀ"—ਤ੍ਰਿਕੁਟੀ ਨੂੰ ਖੋਲ੍ਹਦਾ ਹੈ, ਤਦ ਪ੍ਰਾਣਾਂ ਦੀ ਗਮਤਾ ਦਸਮ ਵਿਚ ਹੁੰਦੀ ਹੈ।

ਯਥਾ— **ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨ ਖੀਵਾ ਭਾਈ ॥** [ਕੇਦਾਰਾ ਕਬੀਰ ਜੀ, ਅੰਗ ੧੧੨੩]

੧. ਕੁੰਡਲੀ ਯੋਗ ਨੂੰ ਕਰਨ ਵਾਲਾ ਸਾਧਿਕ ਪੁਰਸ਼ ਜਦ ਛੇ ਚੱਕਰਾਂ ਨੂੰ ਭੇਦਨ ਕਰਕੇ ਦਸਮ ਦੁਆਰ ਦੇ ਨੇੜੇ ਪੁਜਦਾ ਹੈ, ਤਾਂ ਰਸਤੇ ਵਿਚ ਬ੍ਰਹਮ ਗ੍ਰੰਥੀ, ਰੁਦਰ ਗ੍ਰੰਥੀ ਅਤੇ ਵਿਸਨ ਗ੍ਰੰਥੀ ਨਾਮ ਦੀਆਂ ਤਿੰਨ ਰੁਕਾਵਟਾਂ ਆਉਂਦੀਆਂ ਹਨ, ਉਹਨਾਂ ਤਿੰਨਾਂ ਨੂੰ "ਸਿਲਾ" ਸ਼ਬਦ ਨਾਲ ਵਰਨਣ ਕੀਤਾ ਹੈ। ਯੋਗੀ ਪੁਰਸ਼ ਉਹਨਾਂ ਨੂੰ ਤੋੜ ਲੈਂਦਾ ਹੈ ਤਦ ਉਸਦੀ ਕੁੰਡਲੀ ਜਾਗਦੀ ਹੈ ਅਤੇ ਯੋਗੀ ਦਸਮ ਦੁਆਰ ਵਿਚ ਵਾਸਾ ਕਰਦਾ ਹੈ।

ਯਥਾ— **ਪਸਚਮ ਦੁਆਰੇ ਕੀ ਸਿਲ ਓੜ ॥**
**ਤਿਹ ਸਿਲ ਊਪਰਿ ਖਿੜਕੀ ਅਉਰ ॥**
**ਖਿੜਕੀ ਊਪਰਿ ਦਸਵਾ ਦੁਆਰੁ ॥** [ਭੈਰਉ ਕਬੀਰ ਜੀ, ਅੰਗ ੧੧੫੯]

੨. ਸਹਜ ਯੋਗ ਵਿਚ, ਜਦ ਸੁਰਤ 'ਸਹਜ ਧੁਨੀ' ਨੂੰ ਸੁਣਦੀ-ਸੁਣਦੀ ਸੁਖਮਨਾ ਤੋਂ ਉਪਰ ਚੜ੍ਹਦੀ ਹੈ, ਤਾਂ ਨਾਕੇ ਨੂੰ ਤੋੜ ਲੈਂਦੀ ਹੈ, ਉਸ ਅਵਸਥਾ ਵਿਚ ਕਿਸੇ-ਕਿਸੇ ਅਭਿਆਸੀ ਪੁਰਸ਼ ਦੇ ਨੱਕ ਥਾਨੀ ਥੋੜ੍ਹਾ ਜਾਂ ਬਹੁਤਾ ਲਹੂ ਵੱਗਦਾ ਹੈ। ਫਿਰ ਲਹੂ ਵੱਗਦਾ ਹੈ। ਫਿਰ ਸੁਰਤ ਨਿਜ ਸਥਾਨ ਤੇ ਜਾ ਕੇ ਨਿਵਾਸ ਕਰਦੀ ਹੈ, ਇਸ 'ਨਾਕੇ ਦੇ ਟੁਟਣ' ਦਾ ਨਾਮ ਹੀ ਤ੍ਰਿਕੁਟੀ ਦਾ ਛੁੱਟਨਾ ਹੈ।

੩. ਵੇਦਾਂਤ ਗ੍ਰੰਥਾਂ ਵਿਚ—ਕਰਤਾ, ਕਰਮ ਤੇ ਕ੍ਰਿਯਾ—ਦਾ ਨਾਮ ਤ੍ਰਿਕੁਟੀ ਹੈ, ਅਰਥਾਤ ਜੀਵ ਅਹੰਭਾਵ ਵਿਚ ਹੋ ਕੇ ਆਪ ਨੂੰ ਕਰਤਾ ਮੰਨਕੇ, ਕਰਮ ਤੇ ਕਰਮ ਦੀ ਸਾਧਨਾਂ ਨੂੰ ਆਪ ਤੋਂ ਵੱਖਰੀ ਮੰਨ ਰਿਹਾ ਹੈ। ਪਰ ਜਦ ਸਤਿਗੁਰੂ ਜੀ ਦੇ ਦੱਸੇ ਹੋਏ ਉਪਦੇਸ਼ ਦੀ ਕਮਾਈ ਕਰਦਾ ਹੈ, ਤਾਂ ਇਸ ਦੀ 'ਅਹੰ' ਭਾਵਨਾ ਦੂਰ ਹੁੰਦੀ ਹੈ, ਜਿਸ ਕਰਕੇ 'ਕਰਤਾ ਕਰਮ ਤੇ ਕ੍ਰਿਯਾ' ਦੀ ਮਨੌਤ ਮਿਟ ਜਾਂਦੀ ਹੈ, ਇਸੇ ਦਾ ਨਾਮ ਹੀ 'ਤ੍ਰਿਕੁਟੀ ਦਾ ਛੁਟਨਾ' ਹੈ।

## ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥

ਹੇ ਕਿਰਪਾ ਦੇ ਨਿਧਿ=ਸਮੁੰਦਰ, ਕਿਰਪਾ ਦੇ ਖਜਾਨੇ, ਕ੍ਰਿਪਾਲੂ ਪ੍ਰਮਾਤਮਾ ਮੈਂ ਆਪ ਜੀ ਕੋਲੋਂ ਇਹ ਜਾਚਨਾ ਕਰਦਾ ਹਾਂ ਕਿ ਸਾਕਤ=ਬੁਰਿਆਂ ਪੁਰਸਾਂ ਦੇ ਨਾਲ ਮਿਲਾਪ ਨਾ ਹੋਵੇ।

## ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥

ਗੁਰੂ ਜੀ ਕਥਨ ਕਰਦੇ ਹਨ ਮੈਨੂੰ ਜਨ=ਸੇਵਕ ਨੂੰ ਅਪਨੇ ਦਾਸਾਂ ਦਾ ਦਾਸ ਕਰ ਲਉ ਅਤੇ ਮੇਰਾ ਮੂੰਡੁ=ਸਿਰ,

PDF created with pdfFactory Pro trial version www.pdffactory.com

ਸ੍ਰੇਸ਼ਟ, ਗੁਰਮੁਖਾਂ, ਗੁਰਸਿਖਾਂ, ਮਹਾਂਪੁਰਸ਼ਾਂ ਦੇ ਚਰਨਾਂ ਹੇਠ ਰੁਲਦਾ ਰਹੇ।

ਯਥਾ— **੧. ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ॥** [ਬਿਲਾਵਲੁ ਮਹਲਾ ੫, ਅੰਗ ੮੨੭]

**੨. ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ॥੩॥** [ਜੈਤਸਰੀ ਮਹਲਾ ੪, ਅੰਗ ੬੯੬]

**੩. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥** [ਵਡਹੰਸੁ ਮਹਲਾ ੧, ਅੰਗ ੫੫੮]

## *ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ॥*

ਇਸ ਪੰਗਤੀ ਦੀ ਰਹਿੰਦੀ ਵੀਚਾਰ: ਜਿਥੇ ਕਿਸੇ ਮਕਾਨ ਵਿਚ ਕਾਜਲ=ਸੁਰਮਾ ਭਰਿਆ ਹੋਵੇ। ਉਸ ਵਿਚ ਜੋ ਪ੍ਰਵੇਸ਼ ਕਰਦਾ ਹੈ ਉਸਦੇ ਬਸਤਰਾਂ ਨੂੰ ਕਾਲੇ ਦਾਗ ਲੱਗ ਜਾਂਦੇ ਹਨ ਕਿਉਂਕਿ ਬਸਤਰ ਦਾ ਇਕ ਸੁਭਾਅ ਹੈ ਕਿ ਜਦੋਂ ਵੀ ਮੈਲਾ ਪਦਾਰਥ ਸਪੱਰਸ਼ ਹੁੰਦਾ ਹੈ ਉਸਦਾ ਅਸਰ ਇਸਦੇ ਚਿਟੇਪਣ ਤੇ ਪੈਣਾ ਸੁਭਾਵਕ ਗੱਲ ਹੈ। ਮੈਲ ਦੀਆਂ ਭੀ ਕੁਝ ਬਸਤਰ ਨੂੰ ਲੱਗਣ ਦੀਆਂ ਹੱਦਾਂ ਹਨ। ਜਿੰਨੀ ਦੇਰ ਤੱਕ ਥੋੜ੍ਹੀ ਮੈਲ ਹੈ ਉਹ ਥੋੜ੍ਹੀ ਖੇਚਲ ਨਾਲ ਹੀ ਦੂਰ ਹੋ ਜਾਂਦੀ ਹੈ ਪਰ ਜਦੋਂ ਮੈਲ ਅਖੀਰਲੇ ਦਰਜੇ ਤੇ ਪਹੁੰਚ ਜਾਵੇ ਤਾਂ ਉਸਨੂੰ ਖੰਨਲੀ ਵਾ ਕੋਲੂ ਦੀ ਲੀਰ ਦਾ ਦਰਜਾ ਦਿੱਤਾ ਹੈ, ਉਸਦੀ ਮੈਲ ਨਿਕਲਣੀ ਬਹੁਤ ਕਠਨ ਹੈ। ਥੋੜ੍ਹੀ ਮੈਲ ਭਾਵ ਦਾਗ਼ ਹੋਣ ਤਾਂ ਬਸਤਰ ਨਜ਼ਰ ਆਉਂਦਾ ਰਹਿੰਦਾ ਹੈ ਪਰ ਜਦੋਂ ਬਹੁਤੀ ਮੈਲ ਲੱਗ ਜਾਵੇ ਤਾ ਬਸਤਰ ਉਸ ਮੈਲ ਵਿੱਚ ਲੁਕ ਜਾਂਦਾ ਹੈ ਤੇ ਬਸਤਰ ਦੇ ਥਾਂ ਮੈਲ ਦੇ ਹੀ ਦਰਸ਼ਨ ਹੁੰਦੇ ਹਨ ਇਸੇ ਤਰ੍ਹਾਂ:—

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥**
[ਸਲੋਕ ਭਗਤ ਕਬੀਰ ਜੀ, ਅੰਗ ੧੩੬੫]

ਸੰਸਾਰ ਰੂਪ ਘਰ ਵਿਸ਼ਿਆਂ ਰੂਪ ਕਾਲਖ ਨਾਲ ਭਰਿਆ ਹੋਇਆ ਹੈ ਤੇ ਅੰਤਸ਼ਕਰਣ ਰੂਪ ਬਸਤਰ ਚਿੱਟਾ ਪਾਪ ਰਹਿਤ ਪਹਿਣ ਕੇ ਜਿਹੜਾ ਵੀ ਜੀਵ ਇਸ ਕਾਜਲ ਕੋਠੜੀ ਵਿਚ ਆਇਆ ਸਭ ਦਾ ਹੀ ਮੂੰਹ ਸਿਰ ਕਾਲਾ ਹੋਇਆ ਹੈ। ਦਾਗਾਂ ਦੇ ਦਾਗ ਹਜ਼ੂਰ ਦੇ ਕਥਨ ਅਨੁਸਾਰ ਲੱਗੇ ਹਨ।

ਯਥਾ— **ਦਾਗ ਦੋਸ ਮੁਹਿ ਚਲਿਆ ਲਾਇ॥**
**ਦਰਗਹ ਬੈਸਣ ਨਾਹੀ ਜਾਇ॥** [ਧਨਾਸਰੀ ਮਹਲਾ ੧, ਅੰਗ ੬੬੨]

ਇਹਨਾਂ ਦਾਗਾਂ ਦੇ ਕਾਰਨ ਪ੍ਰੀਤਮ ਦੇ ਦਰ ਜਗ੍ਹਾ ਨਹੀਂ ਮਿਲਦੀ, ਪਰ ਉਹ ਧੰਨ ਹਨ ਜੋ ਆਪਣੇ ਅੰਤਸ਼ਕਰਣ ਬਸਤਰ ਨੂੰ ਇਕ ਵੀ ਦਾਗ ਨਾ ਲੱਗਣ ਦੇਣ।

ਯਥਾ— **ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥** [ਸਲੋਕ ਭਗਤ ਕਬੀਰ, ਅੰਗ ੧੩੬੪]

ਪਰ ਇਹ ਆਪਣੇ ਆਪ ਸੰਭਵ ਨਹੀਂ ਹੋ ਸਕਦਾ।

ਯਥਾ— **ਬਚੈ ਬਚਾਵੈ ਰਾਮ॥** [ਦਸਮ ਗ੍ਰੰਥ]

ਅਗਰ ਕੋਈ ਬਚਿਆ ਹੈ ਤਾਂ ਵਾਹਿਗੁਰੂ ਦੀ ਕਿਰਪਾ ਹੋਵੇਗੀ। ਨਹੀਂ ਤਾਂ ਚਿੱਟੇ ਬਸਤਰਾਂ ਵਾਲਾ ਜੀਵ, ਵੈਰਾਗ ਬਿਬੇਕ ਦੇ ਨੇਤਰਾਂ ਤੋਂ ਅੰਨ੍ਹਾਂ ਸੰਸਾਰ ਦੀ ਕਾਜਲ ਕੋਠੜੀ ਵਿਚ ਕਿਵੇਂ ਬਚ ਸਕੇਗਾ? ਕਾਲੀ ਕੋਠੜੀ ਵਿਚ ਤਾਂ ਅੱਖਾਂ ਵਾਲੇ ਮਸਾਂ ਬਚਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੬ [ਆਦਿ ਅੰਗ ੫੩੭]

***ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥ ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥ ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥ ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥ ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥ ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥ ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥ ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥ ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥ ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ ਮਨ ਚਿੰਦਿਅੜਾ ਫਲੁ ਪਾਵੈ ਰਾਮ ॥ ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ ॥੩॥ ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥ ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥ ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥ ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥***

੧ੴ ਸਤਿਗੁਰ ਪ੍ਰਸਾਦਿ॥ ਇਹ ਮੁਖਵਾਕ ਚੌਥੇ ਸਤਿਗੁਰੂ ਜੀ ਦਾ ਬਿਹਾਗੜੇ ਰਾਗ ਵਿੱਚ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੇ ਆਰੰਭ ਵਿਚ ਸਤਿਗੁਰੂ ਜੀ ਨੇ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕਰਦੇ ਹਨ। ੧=ਅਦੁੱਤੀ ੴ=ਸਰਬ ਦਾ ਪ੍ਰਕਾਸ਼ਕ ਸਤਿ=ਨਾਸ ਤੋਂ ਰਹਿਤ ਗੁਰ=ਚੇਤਨ ਪ੍ਰਸਾਦਿ=ਅਨੰਦ ਸਰੂਪ।

## ***ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥***

ਗੁਰੂ ਰਾਮਦਾਸ ਸਾਹਿਬ ਜੀ ਇਹਨਾਂ ਛੰਤਾਂ ਦੁਆਰਾ ਜੀਵ ਪ੍ਰਤੀ ਉਪਦੇਸ਼ ਬਖਸ਼ਦੇ ਹਨ।

**ਨੋਟ—**ਮੇਰੀ ਜਿੰਦੜੀਏ ਦਾ ਅਰਥ ਮੇਰੇ ਭਾਈ ਹੈ। ਮੇਰੀ ਜਿੰਦੇ ਜਿਥੇ ਅਰਥ ਕੀਤਾ ਗਿਆ ਹੈ ਉਥੇ ਭੀ "ਮੇਰੇ ਭਾਈ" ਹੀ ਸਮਝਣਾ। ਪਰ ਕਈ ਜਗਾ ਪਦ ਪੂਰਤੀ ਵਾਸਤੇ ਵੀ ਵਰਤਿਆ ਜਾਂਦਾ ਹੈ। ਜਿਸਨੂੰ ਸੰਸਕ੍ਰਿਤ ਦੇ ਵਿਦਵਾਨ "ਕਾਵਯ ਅਲੰਕਾਰ" ਕਹਿੰਦੇ ਹਨ।

ਛੰਤ : ੧. ਕਵਿਤਾ, ਕਾਵ ਦੀ ਕੋਈ ਰਚਨਾ। ੨. ਹਰੀ ਜਸ ਦੇ ਗੀਤ। ੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਪ੍ਰਕਾਰ ਦੇ ਸ਼ਬਦ, ਜੋ ਚਾਰ ਤੁਕੇ ਵੀ ਹਨ।

ਯਥਾ— **ਹਰਿ ਅੰਮ੍ਰਿਤ ਭਿੰਨੇ ਲੋਇਣਾ॥** [ਆਸਾ ਮਃ ੪, ਅੰਗ ੪੪੮]

ਅਤੇ ਕਈ ਛੰਦ ਛੇ ਤੁਕੇ ਵੀ ਹਨ।

ਯਥਾ— **ਤੂੰ ਸੁਣਿ ਹਰਣਾ ਕਾਲਿਆ॥** [ਆਸਾ ਮਃ ੧, ਅੰਗ ੪੩੮]

੪. ਸੁਤੰਤ੍ਰ, ਪ੍ਰਸੰਨਤਾ [ਨਾਲ] ਸੰਸਕ੍ਰਿਤ ਵਿਚ ਇਸ ਦਾ ਸਰੂਪ 'ਛਦਿ' ਹੈ ਜਿਸ ਦਾ ਅਰਥ ਹੈ: ੧. ਖੁਸ਼

PDF created with pdfFactory Pro trial version www.pdffactory.com

ਹੋਣਾ, ੨. ਯਸ ਕਰਨਾ। ਪੰਗਤੀ ਦੇ ਅਰਥ: ਹੇ ਮੇਰੀ ਜਿੰਦੁੜੀਏ: [ਉਪਰ ਲਿਖੇ ਸੰਪ੍ਰਦਾਈ ਅਰਥਾਂ ਤੋਂ ਬਿਨਾਂ ਵਿਦਵਾਨਾਂ ਨੇ ਕੁਝ ਇਹ ਭੀ ਅਰਥ ਮੰਨੇ ਹਨ: ਸੰਗਯਾ-ਜਿੰਦ, ਜੀਵਨ, ਰੂਹ, ਚੇਤਨ ਸੱਤਾ, ਅੰਤਹਕਰਣ ਤੇ ਮਨ] ਹੇ ਭਾਈ ਵਾ ਹੇ ਮਨ! ਤੂ ਹਰਿ-ਹਰਿ ਨਾਮ ਨੂੰ ਧਿਆਉਣਾ ਕਰ ਅਤੇ ਗੁਰਾਂ ਦੁਆਰੇ ਰਾਮ ਦੇ ਅਮੋਲਕ ਨਾਮ ਨੂੰ ਜਪਣਾ ਕਰ ਕਿਉਂਕਿ ਨਾਮ ਵਰਗੀ ਅਮੋਲਕ ਕੋਈ ਚੀਜ਼ ਨਹੀਂ।

ਯਥਾ— **੧. ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥**
[ਗਉੜੀ ਸੁਖਮਨੀ ਮः ੫, ਅੰਗ ੨੬੫]

**੨. ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥** [ਬਿਲਾਵਲ ਮः ੫, ਅੰਗ ੮੦੮]

**੩. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥**
**ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥** [ਸਿਰੀਰਾਗੁ ਮः ੫, ਅੰਗ ੮੧]

**੪. ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥** [ਸਿਰੀਰਾਗੁ ਮः ੫, ਅੰਗ ੪੦]

## *ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥*

ਜਿਸ ਨੇ 'ਰਸਿ'=ਪ੍ਰੇਮ ਕਰਕੇ ਹਰ-ਹਰ ਨਾਮ ਦੇ ਰਸ ਵਿਚ ਮਨ ਨੂੰ ਝਕੋਲੇ=ਰੰਗਿਆ ਹੈ ਉਸਨੂੰ ਪਿਆਰਾ ਹਰਿ=ਵਾਹਿਗੁਰੂ ਬੀਧਾ=ਮਿਲਿਆ ਹੈ।

## *ਗੁਰਮਤਿ ਮਨੁ ਠਰਹਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥*

ਹੇ ਮੇਰੀ ਜਿੰਦੇ! ਗੁਰਾਂ ਦੀ ਮਤਿ=ਸਿਖਿਆ ਦੁਆਰਾ ਮਨ ਨੂੰ ਠਹਿਰਾਈਐ=ਟਿਕਾਉਣਾ ਕਰੀਏ ਤਾਂਕਿ ਫਿਰ ਮਨ ਰਾਮ=ਪਰਮੇਸ਼ਰ ਨੂੰ ਛੱਡ ਕੇ ਅਨਤ=ਹੋਰ ਕਿਸੇ ਪਾਸੇ ਨਾ ਡੋਲੇ।

ਯਥਾ— **ਗੁਰ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥**
[ਸਲੋਕ ਮः ੫, ਅੰਗ ੧੪੨੪]

## *ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥*

ਗੁਰੂ ਜੀ ਕਥਨ ਕਰਦੇ ਹਨ ਜੋ ਹਰ ਪ੍ਰਭੂ ਦੇ ਗੁਣਾਂ ਦੀ ਬਾਣੀ ਨੂੰ ਬੋਲਦਾ ਹੈ ਉਸਨੂੰ ਮਨ ਚਿੰਦਿਅੜਾ=ਮਨ ਇੱਛਤ ਫਲ ਪ੍ਰਾਪਤ ਹੋ ਜਾਂਦਾ ਹੈ।

## *ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥*

ਹੇ ਭਾਈ! ਗੁਰਮਤਿ=ਗੁਰੂ ਦੀ ਸਿਖਿਆ ਦੁਆਰਾ ਜਿਸਦੇ ਮਨ ਵਿਚ ਨਾਮ ਅੰਮ੍ਰਿਤ ਵਸਦਾ ਹੈ ਉਹ ਮੁੱਖ ਤੋਂ ਭੀ ਰਾਮ ਦੀ ਪ੍ਰਾਪਤੀ ਕਰਾਉਣ ਵਾਲੇ ਅੰਮ੍ਰਿਤ ਰੂਪ ਮਿਠੇ ਬੈਣ=ਬਚਨਾਂ ਨੂੰ ਅਲਾਏ=ਕਥਨ ਕਰਦਾ ਹੈ।

## *ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥*

ਹੇ ਮੇਰੀ ਜਿੰਦੇ! ਭਗਤ ਜਨਾਂ ਦੀ ਬਾਣੀ ਅੰਮ੍ਰਿਤ ਵਰਗੀ ਹੈ ਜਿਸਨੂੰ ਸੁਣ ਕੇ ਮਨਿ=ਮੰਨਣ ਕਰੀਏ ਤਾਂ ਹਰੀ ਨਾਮ ਵਿਚ ਲਿਵ=ਬਿਰਤੀ ਲਗ ਜਾਂਦੀ ਹੈ ਵਾ ਲਗਾਉਣਾ ਕਰੀਏ।

PDF created with pdfFactory Pro trial version www.pdffactory.com

**ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥**

ਉਨ੍ਹਾਂ ਨੇ ਚਿਰਾਂ ਦਾ ਵਿਛੁੰਨਾ=ਵਿਛੜਿਆ ਹਰਿ=ਵਾਹਿਗੁਰੂ ਪ੍ਰਭੂ=ਪ੍ਰਮੇਸ਼ਰ ਪਾਇਆ ਹੈ। ਜਿਨ੍ਹਾਂ ਦੇ ਗਲਿ=ਕੰਠ ਰਾਮ ਮਿਲਿਆ ਹੈ ਉਹ ਸਹਿਜ=ਸਹਜੇ ਵਾ ਸੁਤੇ ਸਿਧ ਹੀ ਸੁਭਾਏ=ਸੋਭਾ ਵਾਲੇ ਵਾ ਸੁਭਾਇਮਾਨ ਹੋਇ ਹਨ।

**ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ**
**ਅਨਹਤ ਸਬਦ ਵਜਾਏ ਰਾਮ ॥੨॥**

ਗੁਰੂ ਜੀ ਕਥਨ ਕਰਦੇ ਹਨ ਹੇ ਮੇਰੇ ਭਾਈ! ਮੇਰੇ ਮਨ ਵਿਚ ਅਨੰਦ ਹੋਇਆ ਹੈ ਅਤੇ ਰਾਮ ਦੀ ਪ੍ਰਾਪਤੀ ਦੇ ਇਕ ਰਸ "ਸੁਧੋ ਹੂੰ" "ਬੋਧੋ ਹੂੰ" ਆਦਿਕ ਸਬਦ ਵਜਾਏ=ਵੱਜ ਆਏ ਹਨ।

**ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ**
**ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥**

ਹੇ ਮੇਰੀ ਜਿੰਦੇ! ਉਹ ਮੇਰੀ ਵਡੀ ਪਿਆਰੀ ਸਹੇਲੀ ਹੈ 'ਜਿਹੜੀ' ਕੋਈ ਆਣ ਕੇ 'ਮੈਨੂੰ' ਹਰੀ ਪ੍ਰਭੂ=ਰਾਮ ਨਾਲ ਮਿਲਾਵੇ।

**ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ**
**ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥**

ਹੇ ਮੇਰੀ ਜਿੰਦੇ! ਹਉ=ਮੈਂ ਤਿਸਨੂੰ ਆਪਣਾ ਮਨ ਅਰਪਣ ਕਰ ਦਿਆਂ ਜੋ ਹਰਿ ਹਰਿ ਰਾਮ ਪ੍ਰਭੂ ਦੀ ਕਥਾ ਸੁਣਾਉਣਾ ਕਰੇ।

**ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ**
**ਮਨ ਚਿੰਦਅੜਾ ਫਲੁ ਪਾਵੈ ਰਾਮ ॥**

ਹੇ ਮੇਰੀ ਜਿੰਦੇ! ਤੂੰ ਗੁਰੂ ਦੁਆਰਾ ਸਦਾ ਹਰਿ=ਵਾਹਿਗੁਰੂ ਨੂੰ ਅਰਾਧਣਾ ਕਰ ਜਿਸ ਦੇ ਅਰਾਧਣ ਦਾ ਫਲ ਰਾਮ=ਪਰਮੇਸ਼ਰ ਦੀ ਪ੍ਰਾਪਤੀ ਰੂਪੀ ਇੱਛਤ ਫਲ ਪਾਵੇਗੀ॥

**ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ**
**ਵਡਭਾਗੀ ਨਾਮੁ ਧਿਆਵੈ ਰਾਮ ॥੩॥**

ਸਤਿਗੁਰੂ ਜੀ ਆਖਦੇ ਹਨ :—ਹੇ ਮੇਰੀ ਜਿੰਦੇ! ਹਰਿ=ਵਾਹਿਗੁਰੂ ਦੇ ਸਰਣਾਗਤੀ=ਸ਼ਰਣ ਵਿਚ ਆਕੇ ਉਸਨੂੰ ਭਜੁ=ਜਪਣਾ ਕਰ ਵਾ ਭਜਨ ਕਰ। ਵੱਡਿਆਂ ਭਾਗਾਂ ਵਾਲੇ ਪੁਰਸ਼ ਰਾਮ ਦੇ ਨਾਮ ਨੂੰ ਧਿਆਉਂਦੇ ਹਨ।

**ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ**
**ਗੁਰਮਤਿ ਨਾਮੁ ਪਰਗਾਸੇ ਰਾਮ ॥**

ਹੇ ਮੇਰੀ ਜਿੰਦੇ! ਤੂੰ ਇਉਂ ਬੇਨਤੀ ਕਰ ਕਿ ਹੇ ਪ੍ਰਭੂ! ਕਿਰਪਾ ਕਰਕੇ ਸਾਨੂੰ ਆ ਕੇ ਮਿਲ। ਗੁਰਮਤਿ=ਗੁਰੂ ਦੀ ਸਿਖਿਆ ਦੁਆਰਾ ਨਾਮ ਅਰਾਧਨ ਕਰਕੇ ਰਾਮ=ਰਮੇ ਹੋਏ ਵਾਹਿਗੁਰੂ ਦਾ ਪਰਗਾਸੇ=ਗਿਆਨ ਹੁੰਦਾ ਹੈ।

PDF created with pdfFactory Pro trial version www.pdffactory.com

## ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥

ਹੇ ਭਾਈ ! ਮੈਂ ਹਰਿ=ਵਾਹਿਗੁਰੂ ਤੋਂ ਬਿਨਾਂ ਉਡੀਣੀਆ=ਨਿੰਮੋਝੂਣੀ ਤੇ ਉਦਾਸੀਨ ਹਾਂ ਰਾਮ ਪ੍ਰਮੇਸ਼ਰ ਦੇ ਮਿਲਣ ਨੂੰ ਇਉਂ ਉਦਾਸ ਹਾਂ ਜਿਵੇਂ ਕਮਲ ਫੁਲ ਜਲ ਤੋਂ ਬਿਨਾਂ ਉਦਾਸੇ=ਕੁਮਲਾ ਜਾਂਦਾ ਹੈ।

ਯਥਾ— **੧. ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥** [ਬਿਲਾਵਲ ਮਃ ੫, ਅੰਗ ੮੩੦]

**੨. ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥**

[ਸੂਹੀ ਫਰੀਦ ਜੀ ਅੰਗ ੭੯੪]

## ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥

ਹੇ ਮੇਰੀ ਜਿੰਦੇ ! ਹਰਿ ਹਰਿ ਸੱਜਣ ਪ੍ਰਭੂ ਰਾਮ ਦੇ ਪਾਸ ਪੂਰਿਆਂ ਗੁਰਾਂ ਨੇ ਮਿਲਾਇਆ ਹੈ।

## ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥

ਹੇ ਮੇਰੀ ਜਿੰਦੇ ! ਇਸ ਲਈ ਗੁਰੂ ਧੰਨ ਧੰਨ ਅਤੇ ਧੰਨਤਾ ਯੋਗ ਹਨ ਜਿਨ੍ਹਾਂ ਨੇ ਹਰੀ ਦਸਿਆ ਹੈ ਗੁਰੂ ਜੀ ਫੁਰਮਾਉਂਦੇ ਹਨ ਕਿ ਅਸੀਂ ਤਾਂ ਰਾਮ ਰਾਮ ਦਾ ਨਾਮ ਜਪ ਕੇ ਬਿਗਾਸੇ=ਅਨੰਦ ਸਹਿਤ ਹੋਏ ਹਾਂ।

ਯਥਾ— **ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥**

[ਗਉੜੀ ਮਃ ੫, ਅੰਗ ੧੬੭]

### ਸਾਖੀ—

ਇਕ ਵਾਰ ਐਸਾ ਹੋਇਆ ਕਿ ਘੁਗ ਵਸਦੇ ਨਗਰ ਵਿਚ ਦੋ ਸਕੇ ਭਰਾ ਰਹਿੰਦੇ ਸਨ। ਜਿਨ੍ਹਾਂ ਦਾ ਸ਼ਾਹੂਕਾਰਾ ਚਲਦਾ ਸੀ। ਘਰ ਵਿਚ ਕਿਸੇ ਪਦਾਰਥ ਦੀ ਕਮੀ ਨਹੀਂ ਸੀ ਪਰ ਆਮ ਸੰਸਾਰੀ ਜੀਵਾਂ ਦੇ ਸੁਭਾਅ ਦੀ ਤਰ੍ਹਾਂ ਕਿ ਜਦੋਂ ਪਦਾਰਥਾਂ ਰੂਪ ਦਾਤ ਮਿਲ ਜਾਏ ਤਾਂ ਦਾਤ ਪਿਆਰੀ ਹੋ ਜਾਂਦੀ ਹੈ ਤੇ ਦਾਤਾਰ ਵਿਸਰ ਜਾਂਦਾ ਹੈ।

ਯਥਾ— **ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥**

[ਧਨਾਸਰੀ ਮਃ ੫, ਅੰਗ ੬੭੬]

ਇਕ ਭਰਾ ਤਾਂ ਬਿਲਕੁਲ ਮਨਮੁਖ, ਨਾਸਤਕ ਹੋ ਗਿਆ। ਦੂਜਾ ਆਸਤਕ ਸੰਸਕਾਰਾਂ ਵਾਲਾ ਸੀ। ਅਚਾਨਕ ਇਸ ਨਗਰ ਤੋਂ ਬਾਹਰ ਇਕ ਬ੍ਰਹਮ-ਬੇਤੇ ਮਹਾਂਪੁਰਸ਼ ਜੋ ਜੀਵਾਂ ਦੀ ਕਲਿਆਣ ਹਿਤ ਵਿਚਰ ਰਹੇ ਸਨ ਆ ਪਹੁੰਚੇ। ਜਿਵੇਂ ਮਿਠੇ ਕੋਲ ਕੀੜੀਆਂ, ਫੁੱਲ ਕੋਲ ਭੌਰੇ, ਦੀਵੇ ਕੋਲ ਪਤੰਗੇ ਆਪ ਹੀ ਪਹੁੰਚ ਜਾਂਦੇ ਹਨ ਉਹਨਾਂ ਨੂੰ ਕੋਈ ਬੁਲਾਉਂਦਾ ਨਹੀਂ, ਇਸ ਤਰ੍ਹਾਂ ਬ੍ਰਹਮ ਬੇਤੇ ਮਹਾਂਪੁਰਸ਼ ਕਿਸੇ ਨੂੰ ਸੱਦਦੇ ਨਹੀਂ ਆਤਮ ਰਸੀਏ ਜਗਿਆਸੂ ਖੁਦ ਹੀ ਮਹਾਂਪੁਰਸ਼ਾਂ ਕੋਲ ਪਹੁੰਚ ਜਾਂਦੇ ਹਨ। ਮਹਾਂਪੁਰਸ਼ ਕੋਲ ਹਰ ਰੋਜ਼ ਭੀੜ ਵਧਦੀ ਗਈ। ਮਹਾਂਪੁਰਸ਼ ਬ੍ਰਹਮ ਦੀ ਵੀਚਾਰ ਕਥਾ ਰੂਪ ਵਿਚ ਲੋਕਾਂ ਨੂੰ ਸੁਣਾਇਆ ਕਰਦੇ। ਕੁਝ ਸਮੇਂ ਲਈ ਬੇਨਤੀ ਕਰਕੇ ਮਹਾਂਪੁਰਸ਼ਾਂ ਨੇ ਸਤਸੰਗਤਿ ਦਾ ਲਾਭ ਲੈਣ ਲਈ ਸਾਰੇ ਨਗਰ ਨਿਵਾਸੀਆਂ ਨੂੰ ਪ੍ਰੇਰਿਆ। ਇਕ ਦਿਨ ਮਹਾਂਪੁਰਸ਼ਾਂ ਨੇ ਪੁਛਿਆ ਕਿ ਭਾਈ ਤੁਹਾਡੇ ਨਗਰ ਵਿਚ ਕਥਾ ਸੁਣਨ ਤੋਂ ਕੋਈ ਵਾਂਝਾ ਤਾਂ ਨਹੀਂ ਰਿਹਾ ? ਤਾਂ ਸੰਗਤ ਨੇ ਹੱਥ ਜੋੜ ਕੇ ਕਿਹਾ ਮਹਾਰਾਜ ! ਇਕ ਪੁਰਸ਼ ਐਸਾ ਹੈ ਜੋ ਕਦੇ ਵੀ ਸਤਸੰਗਤਿ ਵਿਚ ਨਹੀਂ ਆਇਆ। ਤਾਂ ਮਹਾਂਪੁਰਸ਼ਾਂ ਦੇ ਪੁਛਣ ਤੋਂ ਕੌਣ ਹੈ ਐਸਾ ਸ਼ਖ਼ਸ਼ ? ਤਾਂ ਲੋਕਾਂ ਨੇ ਦੱਸਿਆ

PDF created with pdfFactory Pro trial version www.pdffactory.com

ਕਿ ਇਸ ਸ਼ਾਹੂਕਾਰ ਦਾ ਭਰਾ ਹੈ। ਮਹਾਂਪੁਰਸ਼ਾਂ ਨੇ ਉਸਦੇ ਭਰਾ ਨੂੰ ਸੁਨੇਹਾ ਦਿੱਤਾ ਪਰ ਉਹ ਨਾਸਤਕ ਨਾ ਆਇਆ। ਫਿਰ ਕੁਝ ਸਤਸੰਗੀ ਗਏ ਪਰ ਉਸ ਨੇ ਅੱਗੋਂ ਬੁਰੇ ਭਲੇ ਸ਼ਬਦ ਕਹੇ; ਅਖ਼ੀਰ ਨੂੰ ਮਹਾਂਪੁਰਸ਼ਾਂ ਨੇ ਸੋਚਿਆ ਕਿ ਵੈਦ ਡਾਕਟਰ ਦੀ ਤਰ੍ਹਾਂ ਆਪਣਾ ਧਰਮ ਦੇਖਦਿਆਂ ਕਿ ਮੈਨੂੰ ਖੁਦ ਹੀ ਜਾਣਾ ਚਾਹੀਦਾ ਹੈ। ਸ਼ਾਹੂਕਾਰ ਦੇ ਮਨ ਨੂੰ ਪ੍ਰੇਰ ਦਿੱਤਾ ਤੇ ਉਸਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ ! ਮੇਰੇ ਘਰ ਚਰਨ ਪਾਉ ਅਤੇ ਇਕ ਦਿਨ ਲੰਗਰ ਸੰਗਤਾਂ ਮੇਰੇ ਘਰ ਛਕਣ ਜਿਸ ਬਹਾਨੇ ਮੇਰਾ ਘਰ ਪਵਿਤ੍ਰ ਹੋਵੇ। ਨਹੀਂ ਤਾਂ ਕਬੀਰ ਜੀ ਕਹਿੰਦੇ ਹਨ।

ਯਥਾ— **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥**
**ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥**

[ਸਲੋਕ ਭਗਤ ਕਬੀਰ ਜੀ, ਅੰਗ ੧੩੭੪]

ਨੀਯਤ ਸਮੇਂ ਤੇ ਮਹਾਂਪੁਰਸ਼ ਪਹੁੰਚੇ, ਭੋਜਨ ਛਕਿਆ। ਵਾਹਿਗੁਰੂ ਦੇ ਸ਼ੁਕਰਾਨੇ ਦੇ ਵਜੋਂ ਸਲੋਕ ਪੜਿਆ ਗਿਆ। ਫਿਰ ਮਹਾਂਪੁਰਸ਼ ਨੂੰ ਖ਼ਿਆਲ ਆਇਆ ਕਿ ਇਸਦਾ ਇਕ ਹੋਰ ਭਰਾ ਜੋ ਕਦੇ ਵੀ ਸਤਸੰਗਤ ਵਿਚ ਨਹੀਂ ਆਇਆ ਤੇ ਅਜ ਸੰਗਤ ਵਿਚ ਸਾਡੇ ਕੋਲ ਵੀ ਨਹੀਂ ਆਇਆ। ਇਸ ਦੇ ਘਰ ਸੰਗਤ ਆਈ ਹੋਈ ਹੈ ਇਸ ਲਈ ਉਸ ਦਾ ਵੀ ਭਲਾ ਹੋਣਾ ਚਾਹੀਦਾ ਹੈ। ਮਹਾਂਪੁਰਸ਼ਾਂ ਨੇ ਪੁਛਿਆ ਕਿ ਭਾਈ ! ਤੇਰਾ ਭਰਾ ਤਾਂ ਕਦੇ ਸੰਗਤ ਵਿਚ ਸਾਡੇ ਕੋਲ ਨਹੀਂ ਆਇਆ। ਪਰ ਅਜ ਤਾਂ ਸੰਗਤ ਹੀ ਤੁਹਾਡੇ ਘਰ ਆਈ ਹੈ, ਘਰ ਆਈ ਗੰਗਾ ਦਾ ਲਾਭ ਉਠਾਣਾ ਚਾਹੀਦਾ ਹੈ। ਸ਼ਾਹੂਕਾਰ ਨੇ ਦੱਸਿਆ ਕਿ ਮਹਾਰਾਜ ਮੇਰੇ ਭਰਾ ਦੇ ਭਾਗ ਖੋਟੇ ਹਨ ਪਹਿਲਾਂ ਮੇਰੇ ਨਾਲ ਲੜਿਆ ਦੁਰਬਚਨ ਬੋਲਦਾ ਕਹਿ ਰਿਹਾ ਸੀ ਕਿ ਤੂੰ ਸਾਧਾਂ ਦੀਆਂ ਪੂਛਾਂ ਖਿਚੀ ਫਿਰਦਾ ਹੈ ਤੇ ਨਾਲ ਹੀ ਤੁਹਾਨੂੰ ਪੂਛ ਵਾਲਾ ਪਸ਼ੂ ਬਣਾ ਦਿੱਤਾ। ਜਦੋਂ ਉਸ ਨੇ ਸੁਣਿਆ ਕਿ ਤੁਸੀਂ ਆ ਰਹੇ ਹੋ ਉਦੋਂ ਦਾ ਹੀ ਇਕ ਕਮਰੇ ਵਿੱਚ ਵੜਿਆ ਬੈਠਾ ਹੈ। ਉਸਦਾ ਇਕ ਨਿਯਮ ਹੈ ਕਿ ਉਹ ਅੱਖਾਂ ਨਾਲ ਕਿਸੇ ਵੀ ਸੰਤ ਦੇ ਦਰਸ਼ਨ ਨਹੀਂ ਕਰਦਾ। ਜਿਥੇ ਲੁਕਿਆ ਬੈਠਾ ਸੀ ਸੰਤ ਜੀ ਸੰਗਤ ਸਮੇਤ ਉਥੇ ਜਾ ਪਹੁੰਚੇ, ਸੰਤਾਂ ਨੂੰ ਦੇਖ ਕੇ ਉਠਿਆ ਨਾ; ਬੈਠਾ ਹੀ ਰਿਹਾ। ਆਪ ਤੋਂ ਵੱਡੇ ਅੱਗੇ ਉੱਠ ਕੇ ਖਲੋਣਾ ਸਾਸ਼ਤਰ ਵਿੱਚ ਆਗਮਨ ਕਰਮ ਹੈ ਪਰ ਇਹ ਕਰਮ ਭ੍ਰਿਸ਼ਟ ਇਹੋ ਜਿਹੀਆਂ ਗੱਲਾਂ ਕਦੋਂ ਜਾਣਦਾ ਸੀ। ਪਰ ਮਹਾਂਪੁਰਸ਼ਾਂ ਨੇ ਗੁੱਸਾ ਨਹੀਂ ਕੀਤਾ ਉਸ ਨੂੰ ਤਾਰਣ ਲਈ ਨਾਮ ਦਾ ਉਪਦੇਸ਼ ਦੇਣ ਲੱਗੇ; ਕਹਿਣਾ ਸ਼ੁਰੂ ਕੀਤਾ ਕਿ ਭਲੇ ਪੁਰਸ਼ਾ ! ਇਹ ਮਨੁਖਾ ਸਰੀਰ ਵਾਰ ਵਾਰ ਨਹੀਂ ਮਿਲਣਾ। ਉਹ ਅਗੋਂ ਬੋਲਿਆ ਜੇ ਵਾਰ ਵਾਰ ਨਹੀਂ ਮਿਲਣਾ ਤਾਂ ਫਿਰ ਖੂਹ ਵਿਚ ਛਾਲ ਮਾਰਾਂ। ਮਹਾਂਪੁਰਸ਼ ਸ਼ਾਂਤ ਸੁਭਾਅ ਦੇ ਸਨ ਕਹਿਣ ਲੱਗੇ, ਖੂਹ ਵਿਚੋਂ ਨਿਕਲਣ ਦੀ ਗੱਲ ਕਰ ਡਿਗਿਆ ਹੋਇਆ ਤਾਂ ਪਹਿਲਾਂ ਹੀ ਹੈਂ। ਤੇਰਾ ਭਲਾ ਹੋਵੇਗਾ ਰਾਮ ਦਾ ਨਾਮ ਲਿਆ ਕਰ। ਪਰ ਅਗੋਂ ਪਟੱਕ ਦੇ ਕੇ ਪ੍ਰਮਾਤਮਾ ਨੂੰ ਗਾਲੀ ਦਿੰਦੇ ਹੋਇਆ ਕਹਿਣ ਲੱਗਾ "ਮੈਂ ਨਹੀਂ ਲਊਂਗਾ ਨਾਮ, ਸਾਲੇ ਰਾਮ ਕਾ"। ਮਹਾਂਪੁਰਸ਼ਾਂ ਨੇ ਕਿਹਾ ਜਿਹੜਾ ਇਕ ਵਾਰ ਵੀ ਤੇਰੀ ਰਸਨਾ ਤੋਂ ਰਾਮ ਕਿਹਾ ਗਿਆ ਭਾਵੇਂ ਗਾਲ ਕੱਢ ਕੇ ਹੀ ਕਿਹਾ ਗਿਆ। ਪਰਲੋਕ ਵਿਚ ਇਸ ਦਾ ਵੀ ਫਲ ਪ੍ਰਾਪਤ ਹੋਵੇਗਾ, ਕੁਝ ਦਿਨਾਂ ਬਾਅਦ ਤੇਰੀ ਮੌਤ ਹੋ ਜਾਵੇਗੀ। ਜਮ ਮਾਰਗ ਦੀ ਵਿਆਖਿਆ ਕਰਦਿਆਂ ਕਿਹਾ ਕਿ ਬਹੁਤ ਦੁਖ ਮਿਲਣੇ ਹਨ, ਅਖੀਰ ਧਰਮ ਰਾਜ ਦੀ ਕਚਹਿਰੀ ਪਹੁੰਚਕੇ ਤੇਰੇ ਕਰਮ ਪਾਪ ਅਤੇ ਪੁੰਨ ਦਾ ਲੇਖਾ ਕਰਕੇ ਧਰਮ ਰਾਜਾ ਪੁਛੇਗਾ ਕਿ ਸਾਰੀ ਜ਼ਿੰਦਗੀ ਜੋ ਪਾਪ ਕਰਮ ਕੀਤੇ ਹਨ ਉਹਨਾਂ ਦਾ ਫਲ ਨਰਕ ਅਤੇ ਇਕ ਵਾਰ ਜੋ ਗਾਲ ਕੱਢ ਕੇ ਰਾਮ ਦਾ ਨਾਮ ਲਿਆ ਸੀ ਉਸ ਦਾ ਫਲ ਚਾਰ ਘੜੀ ਬੈਕੁੰਠ ਦਾ ਸੁਖ ਹੈ। ਉਹ ਕਹੇਗਾ ਕਿ ਬੈਕੁੰਠ ਦਾ ਸੁਖ ਪਹਿਲਾਂ ਲੈਣਾ ਹੈ ਜਾਂ ਬਾਅਦ ਵਿੱਚ। ਤੂੰ ਕਹੀਂ ਕਿ ਅਗਰ ਰਾਮ ਕਹਿਣ ਦਾ ਮਹਾਤਮ ਹੈ ਇਸ ਦੇ ਬਦਲੇ ਸੁਖ ਨਹੀਂ ਮੈਂ ਤਾਂ ਬਦਲੇ ਵਿਚ ਪੈਸੇ ਲੈਣੇ ਹਨ ਇਸ ਦਾ ਮੁਲ ਦਿਉ ਤੂੰ ਇਸ ਗੱਲ ਨੂੰ ਯਾਦ ਰੱਖੀਂ। ਜਦੋਂ ਥੋੜ੍ਹੇ ਦਿਨਾਂ ਬਾਅਦ ਮਰਿਆ ਧਰਮ ਰਾਜ ਦੇ ਪੁਛਣ ਤੋਂ ਕਹਿਣ ਲੱਗਾ ਕਿ ਮੈਨੂੰ ਨਾਮ ਦਾ ਫਲ ਨਹੀਂ ਮੁਲ ਚਾਹੀਦਾ ਹੈ। ਇਤਨਾ ਸੁਣ ਕੇ ਧਰਮਰਾਜ ਚੱਕਰ ਵਿਚ ਪੈ ਗਿਆ ਕਿ ਮੈਂ ਕੌਣ ਹਾਂ ਰਾਮ ਦੇ ਨਾਮ ਦਾ ਮੁਲ ਪਾਉਣ ਵਾਲਾ। ਬ੍ਰਹਮਾ, ਸ਼ਿਵਜੀ ਦੇ ਕੋਲ ਜਾ ਕੇ ਭੇਦ ਨਾ ਖੁਲ੍ਹਿਆ ਤਾਂ ਸਾਰੇ ਦੇਵਤੇ ਇਕੱਠੇ ਹੋ ਕੇ ਪ੍ਰਮੇਸ਼ਰ ਦੇ ਦਰ ਲੈ ਗਏ। ਪ੍ਰਮੇਸ਼ਰ ਨੇ ਕਿਹਾ

PDF created with pdfFactory Pro trial version www.pdffactory.com

ਕਿ ਮੇਰੇ ਕੋਲ ਛੱਡ ਦਿਉ ਤਾਂ ਦੇਵਤੇ ਵਾਪਸ ਚਲੇ ਗਏ। ਰਸਤੇ ਵਿੱਚ ਨਾਰਦ ਮਿਲਿਆ ਤਾਂ ਸਾਰੀ ਕਹਾਣੀ ਦੱਸੀ। ਨਾਰਦ ਨੇ ਕਿਹਾ ਕਿ ਕੱਲ੍ਹ ਫਿਰ ਕੋਈ ਐਸਾ ਟਕਰੇਗਾ ਇਸ ਤਰ੍ਹਾਂ ਰੋਜ਼ ਤੁਰੇ ਫਿਰੋਂਗੇ; ਚਲੋ ਭਗਵਾਨ ਨੂੰ ਪੁਛੋ ਕਿ ਪ੍ਰਮੇਸ਼ਰ ਦੇ ਨਾਮ ਦਾ ਕੋਈ ਮੁਲ ਹੈ, ਜਾ ਕੇ ਭਗਵਾਨ ਦੇ ਦਰ ਪੁਛਿਆ ਕਿ ਮਹਾਰਾਜ! ਇਹ ਗੁਹਜ ਭੇਦ ਪ੍ਰਗਟ ਕਰੋ ਇਸਦਾ ਕੀ ਮੁਲ ਹੈ? ਤਾਂ ਭਗਵਾਨ ਨੇ ਕਿਹਾ ਕਿ ਨਾਮ ਦਾ ਕੋਈ ਮੁਲ ਨਹੀਂ ਹੁੰਦਾ। ਇਸ ਦਾ ਇਹੀ ਮੁਲ ਹੈ ਕਿ ਮੇਰੇ ਚਰਨਾਂ ਵਿੱਚ ਪਹੁੰਚ ਗਿਆ ਹੈ। ਮੈਂ ਇਸ ਨੂੰ ਮਾਇਆ ਪਾ ਕੇ ਭੁਲਾ ਦਿੱਤਾ ਹੈ। ਹੁਣ ਇਹ ਕੋਈ ਵੀ ਇੱਛਾ ਨਹੀਂ ਉਠਾਏਗਾ ਤੇ ਮੇਰੇ ਸਰੀਰ ਵਿਚ ਲੀਨ ਹੋ ਜਾਵੇਗਾ। ਇਸ ਲਈ ਗੁਰੂ ਜੀ ਨਾਮ ਨੂੰ ਅਮੋਲਕ ਦਸਦੇ ਹਨ ਇਸ ਸਾਖੀ ਦਾ ਭਾਵ ਨਾਮ ਨੂੰ ਅਮੋਲਕ ਪ੍ਰਗਟ ਕਰਨਾ ਹੈ।

ਯਥਾ— **ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥** [ਸਿਰੀਰਾਗੁ ਮਃ ੫, ਅੰਗ ੮੧]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com